**ਪੰਜਾਬੀ ਯੂਨੀਵਰਸਿਟੀਪਟਿਆਲਾ**
(1961 ਦੇ ਪੰਜਾਬਐਕਟ ਨੰ:35 ਤਹਿਤ ਸਥਾਪਤ)
(ਮੀਟਿੰਗਜਬ੍ਰਾਂਚ)

ਸੂਚਿਤ ਕੀਤਾ ਜਾਂਦਾ ਹੈ ਕਿ ਗੁਰੂ ਤੇਗ਼ ਬਹਾਦਰ ਕਾਲਜ ਆਫ ਐਜੂਕੇਸ਼ਨ ਦੇ ਬੀ.ਏ.ਬੀ.ਐਡ ਸਮੈਸਟਰ ਸੱਤਵਾਂ ਅਤੇ ਸਮੈਸਟਰ ਅੱਠਵਾਂ ਇੰਚਰਚੇਂਜ ਕਰਨ ਸਬੰਧੀ ਪੱਤਰ ਤੇ ਫੈਕਲਟੀ ਆਫ ਐਜੂਕੇਸ਼ਨ ਐਂਡ ਇਨਫਰਮੇਸ਼ਨ ਸਾਇੰਸ ਦੀ ਮਿਤੀ: 18.09.2020 ਨੂੰ ਹੋਈ ਇਕੱਤਰਤਾ ਵਿੱਚ ਵਿਚਾਰ ਕੀਤਾ ਗਿਆ ਅਤੇ ਹੇਠ ਲਿਖਿਆ ਫੈਸਲਾ ਲਿਆ ਗਿਆ।

"ਬੀ.ਏ.ਬੀ.ਐਡ ਸਮੈਸਟਰ ਸੱਤਵਾਂ ਵਿੱਚ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਨੇ ਟੀਚਿੰਗ ਪ੍ਰੈਕਟਿਸ ਲਗਾਉਣੀ ਹੁੰਦੀ ਹੈ ਜੋ ਕਿ ਕੋਵਿਡ-19 ਕਾਰਨ ਨਹੀਂ ਲੱਗ ਸਕਦੀ। ਸੋ ਬੀ.ਐਡ ਦੋ ਸਾਲਾ ਦੀ ਤਰਜ ਤੇ ਜਿਵੇਂ ਕਿ ਉਹਨਾਂ ਦਾ ਤੀਜਾ ਅਤੇ ਚੌਥਾ ਸਮੈਸਟਰ ਇੰਟਰਚੇਂਜ ਕੀਤਾ ਗਿਆ ਹੈ, ਇੰਜ ਹੀ ਬੀ.ਏ.ਬੀ.ਐਡ ਦਾ ਸਮੈਸਟਰ ਸੱਤਵਾਂ ਅਤੇ ਸਮੈਸਟਰ ਅੱਠਵਾਂ ਇੰਟਰਚੇਂਜ ਕਰਨ ਦਾ ਫੈਸਲਾ ਮਿਤੀ: 18.09.2020 ਨੂੰ ਫੈਕਲਟੀ ਆਫ ਐਜੂਕੇਸ਼ਨ ਐਂਡ ਇਨਫਰਮੇਸ਼ਨ ਸਾਇੰਸ ਦੀ ਇੱਕਤਰਤਾ ਵਿੱਚ ਲਿਆ ਗਿਆ"।

ਹਰਜਿੰਦਰ ਸਿੰਘ 8/10/2020
ਸਹਾਇਕ ਰਜਿਸਟਰਾਰ (ਮੀਟਿੰਗਜ਼)

ਕਿ.ਪ੍ਰੋ.-IV

ਨੰ: 8438-44/ਸੇ-5 ਮਿਤੀ 08/10/2020

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁਖੀ, ਸਿੱਖਿਆ ਅਤੇ ਸਮੁਦਾਇ ਵਿਭਾਗ
2. ਇੰਚਾਰਜ ਲਾਇਬਰੇਰੀ
3. ਡਿਪਟੀ ਰਜਿਸਟਰਾਰ (ਕੰਡਕਟ)
4. ਡਿਪਟੀ ਰਜਿਸਟਰਾਰ (ਕਾਲਜਾਂ)
5. ਸਹਾਇਕ ਰਜਿਸਟਰਾਰ (ਕੰਨਫੀਡੈਂਸਲ)
6. ✓ ਸਹਾਇਕ ਰਜਿਸਟਰਾਰ (ਪ੍ਰੀਖਿਆਵਾਂ)
7. ਸਹਾਇਕ ਰਜਿਸਟਰਾਰ (ਪ੍ਰੈਕਟੀਕਲ)

ਮੀਟਿੰਗਜ਼ ਬ੍ਰਾਂਚ

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

## ਨੋਟੀਫਿਕੇਸ਼ਨ

ਸੂਚਿਤ ਕੀਤਾ ਜਾਂਦਾ ਹੈ ਕਿ ਐਜੂਕੇਸ਼ਨ ਵਿਭਾਗ ਦੁਆਰਾ ਬੀ. ਐਡ. ਕਾਲਜਾਂ ਤੋਂ ਬੀ.ਐਡ. ਦੇ ਸੈਸ਼ਨ 2020-21 ਲਈ ਬਿਨੈ-ਪੱਤਰ ਤੇ ਵਿਚਾਰ ਕਰਨ ਲਈ ਬੋਰਡ ਆਫ ਪੋਸਟ ਗ੍ਰੈਜੂਏਟ ਸਟੱਡੀਜ ਇਨ ਐਜੂਕੇਸ਼ਨ ਦੀ ਸੰਕਟਕਾਲੀਨ ਇੱਕਤਰਤਾ ਮਿਤੀ 31-07-2020 ਨੂੰ ਕਰਵਾਈ ਗਈ।

ਇਸ ਇੱਕਤਤਰਾ ਵਿਚ ਹੇਠ ਲਿਖੇ ਫੈਸਲੇ ਲਏ ਗਏ:-

'ੳ' "ਇਸ ਇੱਕਤਰਤਾ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਤ ਬੀ.ਐੱਡ. ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਵੱਲੋਂ ਅਤੇ ਡਿਪਾਰਟਮੈਂਟ ਆਫ ਐਜੂਕੇਸ਼ਨ, ਰਿਜ਼ਨਲ ਸੈਟਰ, ਬਠਿੰਡਾ ਵੱਲੋ ਆਏ ਬਿਨੈ ਪੱਤਰ ਤੇ ਵਿਚਾਰ ਕੀਤਾ ਗਿਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਬੀ.ਐੱਡ. ਦੇ ਪਾਠਕ੍ਰਮ ਦੇ ਅਨੁਸਾਰ ਬੀ.ਐੱਡ ਸਮੈਸਟਰ ਤੀਜਾਂ ਵਿੱਚ, ਸਕਿਲ ਇਨ ਟੀਚਿੰਗ ਦੇ ਪੇਪਰ ਲਈ ਬੀ.ਐੱਡ. ਦੇ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਟੀਚਿੰਗ ਪ੍ਰੈਕਟਿਸ ਲਈ ਲਿਜਾਇਆ ਜਾਂਦਾ ਹੈ ਅਤੇ ਚੌਥੇ ਸਮੈਸਟਰ ਵਿੱਚ ਥਿਊਰੀ ਪੇਪਰ ਕਰਵਾਏ ਜਾਂਦੇ ਹਨ। ਕੋਵਿਡ-19 ਦੇ ਮੱਦੇਨਜ਼ਰ ਟੀਚਿੰਗ ਪ੍ਰੈਕਟਿਸ ਕਰਵਾਉਣੀ ਮੁਮਕਿਨ ਨਹੀਂ ਹੈ, ਇਸ ਲਈ ਬੀ.ਐੱਡ. ਸਮੈਸਟਰ ਤੀਜਾ ਅਤੇ ਚੋਥਾ ਸੈਸ਼ਨ 2020-21 ਨੂੰ ਆਪਸ ਵਿੱਚ ਇੰਟਰਚੇਜ ਕਰਨ ਦੀ ਸਿਫਾਰਸ਼ ਕੀਤੀ। ਇਸ ਪ੍ਰਕਾਰ ਹੁਣ ਸਮੈਸਟਰ ਤੀਜਾ ਵਿੱਚ ਥਿਊਰੀ ਪੇਪਰ ਪੜ੍ਹਾਏ ਜਾਣਗੇ ਅਤੇ ਸਮੈਸਟਰ ਚੌਥਾ ਵਿੱਚ ਟੀਚਿੰਗ ਪ੍ਰੈਕਟਿਸ ਕਰਵਾਈ ਜਾਵੇਗੀ। ਇਹ ਫੈਸਲਾ ਸਿਰਫ ਸੈਸ਼ਨ 2020-21 ਤੇ ਹੀ ਲਾਗੂ ਹੋਵੇਗਾ।"

ਉਪਰੋਕਤ ਇੱਕਤਰਤਾ ਦੀ ਕਾਰਵਾਈ ਵਿੱਚ 'ੳ' ਅਨੁਸਾਰ ਲਏ ਗਏ ਫੈਸਲੇ ਫੈਕਲਟੀ ਆਫ ਐਜੂਕੇਸ਼ਨ ਐਂਡ ਇਨਫਰਮੇਸ਼ਨ ਸਾਇੰਸ਼ ਦੀ ਪ੍ਰਵਾਨਗੀ ਦੀ ਆਸ ਵਿੱਚ ਡੀਨ ਅਕਾਦਮਿਕ ਮਾਸਲੇ ਵਲੋਂ ਪ੍ਰਵਾਨ ਕਰ ਲਏ ਗਏ ਹਨ ਜੀ।

ਹਰਜੀਤ ਸਿੰਘ 11/8/20

ਸਹਾਇਕ ਰਜਿਸਟਰਾਰ (ਮੀਟਿੰਗਜ਼)

ਸ.ਯੂ: IV

ਨੰ. 7457-64/M

ਮਿਤੀ: 11.08.2020

ਉਪਰੋਕਤ ਦਾ ਉਤਾਰਾ ਹੇਠ ਲਿਖੇ ਵਿਭਾਗਾਂ/ਬ੍ਰਾਂਚਾ ਨੂੰ ਭੇਜਿਆ ਜਾਂਦਾ ਹੈ।:-

1) ਮੁੱਖੀ ਸਿੱਖਿਆ ਅਤੇ ਸਮੁਦਾਇ ਵਿਭਾਗ
2) ਇੰਚਾਰਜ ਲਾਇਬ੍ਰੇਰੀ
3) ਡਿਪਟੀ ਰਜਿਸਟਰਾਰ (ਕੰਡਕਟ)
4) ਡਿਪਟੀ ਰਜਿਸਟਰਾਰ (ਕਾਲਜ)
5) ਸਹਾਇਕ ਰਜਿਸਟਰਾਰ(ਕੰਨਫੀਡੈਸ਼ਲ)
6) ਸਹਾਇਕ ਰਜਿਸਟਰਾਰ (ਪ੍ਰੀਖਿਆਵਾਂ)
7) ਸਹਾਇਕ ਰਜਿਸਟਰਾਰ (ਪ੍ਰੈਕਟੀਕਲ)
8) ਸਬੰਧਤ ਕਾਲਜ